ਦਫਤਰ, ਮੈਂਬਰ ਸਕੱਤਰ, ਡੀ-ਅਡੀਕਸ਼ਨ ਅਤੇ ਰਿਹੈਬਲੀਟੇਸ਼ਨ ਸੰਸਥਾ, ਜਿਲਾ ਸ਼ਹੀਦ ਭਗਤ ਸਿੰਘ ਨਗਰ

## ਪਬਲਿਕ ਇਸ਼ਤਿਹਾਰ- ਕਮ-ਕੋਰੀਜੰਡਮ

ਭਰਤੀ ਦੇ ਲਈ ਅਰਜੀਆਂ ਨੂੰ ਜਮਾਂ ਕਰਵਾਉਣ ਦੇ ਸਮੇ ਵਿੱਚ ਵਾਧਾ ਅਤੇ ਯੋਗਤਾ ਵਿੱਚ ਸੰਸੋਧਨ ਕਰਨ ਸੰਬੰਧੀ

ਨੰਬਰ DMC/SBSN/2020/851 ਮਿਤੀ: 10/06/2020

ਮਿਤੀ 20.03.2020 ਨੂੰ ਵੱਖ ਵੱਖ ਅਖਬਾਰਾਂ ਅਤੇ ਜਿਲੇ ਦੀ ਵੈਬਸਾਈਟ ਤੇ ਡੀ.ਅਡੀਕਸ਼ਨ ਅਤੇ ਰਿਹੈਬਲੀਟੇਸ਼ਨ ਸੰਸਥਾ/ਓਟ ਸੈਂਟਰ, ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਲਈ ਇੱਕ ਸਾਲ ਦੇ ਨਿਰੋਲ ਠੇਕੇ ਦੇ ਆਧਾਰ ਤੇ ਸਟਾਫ ਨਰਸ ਅਤੇ ਕਾਂਊਸਲਰ ਦੀਆਂ ਅਸਾਮੀਆਂ ਲਈ ਯੋਗ ਵਿਅਕਤੀਆਂ ਪਾਸੋਂ ਦਿੱਤੇ ਗਏ ਪ੍ਰਫਾਰਮੇ ਵਿੱਚ ਸਮੇਤ 200 ਰੁਪਏ ਦਾ ਡਿਮਾਂਡ ਡਰਾਫਟ ਜਿਹੜਾ ਕਿ ਮੈਂਬਰ ਸਕੱਤਰ, ਡੀ. ਅਡੀਕਸ਼ਨ ਅਤੇ ਰਿਹੈਬਲੀਟੇਸ਼ਨ ਸੰਸਥਾ/ਓਟ ਸੈਂਟਰ, ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਹੱਕ ਵਿੱਚ ਹੋਵੇ ਸਮੇਤ ਅਰਜੀਆਂ ਦੀ ਮੰਗ ਕੀਤੀ ਗਈ ਸੀ । ਇਸ ਭਰਤੀ ਨੂੰ ਕੋਵਿਡ-19 ਮਹਾਂਮਾਰੀ ਦੇ ਕਾਰਨ ਅਗਲੇ ਹੁਕਮਾਂ ਤੱਕ ਅੱਗੇ ਵਧਾ ਦਿੱਤਾ ਗਿਆ ਸੀ। ਹੁਣ ਸਰਕਾਰ ਦੁਆਰਾ ਭਰਤੀਆਂ ਦੀ ਪ੍ਰਕਿਰਿਆ ਨੂੰ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਕਰਕੇ ਉਕਤ ਅਸਾਮੀਆਂ ਦੇ ਲਈ ਯੋਗ ਉਮੀਦਵਾਰਾਂ ਦੇ ਦੁਆਰਾ ਆਪਣੀਆਂ ਅਰਜੀਆਂ ਜਮਾ ਕਰਵਾਉਣ ਦੀ ਮਿਤੀ ਨੂੰ 30 ਜੂਨ 2020 ਤੱਕ ਵਧਾ ਦਿੱਤਾ ਗਿਆ ਹੈ। ਇਸ ਕਰਕੇ ਜਿਹੜੇ ਵੀ ਯੋਗ ਵਿਅਕਤੀ ਉਕਤ ਅਸਾਮੀਆਂ ਲਈ ਅਪਲਾਈ ਕਰਨਾ ਚਹੁੰਦੇ ਹਨ ਉਹ ਚਾਹਵਾਨ ਵਿਅਕਤੀ ਆਪਣੀਆਂ ਅਰਜੀਆਂ ਦਫਤਰ, ਸਕੱਤਰ-ਕਮ-ਡਿਪਟੀ ਮੈਡੀਕਲ ਕਮੀਸ਼ਨਰ, ਡੀ.ਅਡੀਕਸ਼ਨ ਅਤੇ ਰਿਹੈਬੀਲੇਸ਼ਨ ਸੰਸਥਾ, ਸਿਵਲ ਸਰਜਨ ਦਫਤਰ, ਜਿਲਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਨਿੱਜੀ ਤੋਰ ਤੇ ਜਾਂ ਰਜਿਸਟਰਡ ਡਾਕ ਰਾਹੀ ਮਿਤੀ 30.06.2020 ਸ਼ਾਮ 4 ਵਜੇ ਤੱਕ ਜਮਾ ਕਰਵਾ ਸਕਦੇ ਹਨ। ਇਹਨਾ ਅਸਾਮੀਆਂ ਵਿੱਚੋ ਸਟਾਫ ਨਰਸ ਦੀ ਅਸਾਮੀ ਲਈ ਪਹਿਲਾਂ ਸਿਰਫ ਜੀ.ਐਨ.ਐਮ ਡਿਪਲੋਮਾ ਵਾਲੇ ਵਿਅਕਤੀ ਹੀ ਅਪਲਾਈ ਕਰ ਸਕਦੇ ਸਨ ਪਰ ਜਿਵੇ ਕਿ ਇਸ ਅਸਾਮੀ ਲਈ ਚੰਗੀ ਗਿਣਤੀ ਵਿੱਚ ਯੋਗ ਵਿਅਕਤੀਆਂ ਨੇ ਅਪਲਾਈ ਨਹੀ ਕੀਤਾ ਹੈ ਤਾਂ ਨਿਮਨਹਸਤਾਖਰੀ ਨੇ ਇਹ ਫੈਸਲਾ ਕੀਤਾ ਹੈ ਕਿ ਇਸ ਅਸਾਮੀ ਲਈ ਡੀ.ਫਾਰਮੇਸੀ/ਬੀ.ਫਾਰਮੇਸੀ ਹੋਲਡਰ ਵੀ ਅਪਲਾਈ ਕਰ ਸਕਦੇ ਹਨ ਅਤੇ ਉਹਨਾਂ ਨੂੰ ਵੀ ਇਸ ਅਸਾਮੀ ਲਈ ਵਿਚਾਰਿਆ ਜਾਵੇਗਾ ਅਤੇ ਉਹਨਾਂ ਲਈ ਤਜਰਬੇ ਸੰਬੰਧੀ ਸ਼ਰਤ ਲਾਗੂ ਨਹੀ ਹੋਵੇਗੀ। ਬਾਕੀ ਸ਼ਰਤਾਂ ਪਹਿਲਾਂ ਵਾਲੀਆਂ ਹੀ ਰਹਿਣਗੀਆਂ।

Rajiv

ਮੈਂਬਰ ਸਕੱਤਰ-ਕਮ-ਡਿਪਟੀ ਮੈਡੀਕਲ ਕਮੀਸ਼ਨਰ,<br>
ਡੀ.ਅਡੀਕਸ਼ਨ ਅਤੇ ਰਿਹੈਬਲੀਟੇਸ਼ਨ ਸੰਸਥਾ,<br>
ਜਿਲਾ ਸ਼ਹੀਦ ਭਗਤ ਸਿੰਘ ਨਗਰ

CS Scanned with CamScanner